# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਨਿੱਜੀ ਡੇਟਾ ਲਈ ਗੋਪਨੀਯਤਾ ਕਮਿਸ਼ਨਰ ਦਾ ਦਫਤਰ, ਹਾਂਗ ਕਾਂਗ

ਨਿੱਜੀ ਡੇਟਾ ਲਈ ਗੋਪਨੀਯਤਾ ਕਮਿਸ਼ਨਰ (PCPD) ਦੇ ਦਫ਼ਤਰ ਦਾ ਉਦੇਸ਼ ਨਿੱਜੀ ਡਾਟੇ (ਗੁਪਤਤਾ) ਆਰਡੀਨੈਂਸ (PDPO) ਦੀ ਪਾਲਣਾ ਪ੍ਰਚਾਰ , ਨਿਗਰਾਨੀ ਅਤੇ ਨਿਰੀਖਣ ਦੁਆਰਾ ਵਿਅਕਤੀਗਤ ਡਾਟਾ ਦੇ ਸੰਬੰਧ ਵਿੱਚ ਵਿਅਕਤੀਆਂ ਦੀ ਗੁਪਤਤਾ ਦੀ ਸੁਰੱਖਿਆ ਨੂੰ ਸੁਰੱਖਿਅਤ ਕਰਨਾ ਹੈ।

| | |
|---|---|
| ਸਬੰਧਿਤ ਸੇਵਾਵਾਂ | • ਆਮ ਲੋਕ ਅਤੇ/ਜਾਂ ਜਨਤਕ ਅਤੇ ਨਿਜੀ ਸੰਸਥਾਵਾਂ ਨਿੱਜੀ ਡਾਟਾ ਗੁਪਤਤਾ ਦੇ ਸੰਬੰਧ ਵਿੱਚ PCPD ਨੂੰ ਕਾਨੂੰਨੀ ਸਹਾਇਤਾ ਲਈ ਪੁੱਛਗਿੱਛ, ਸ਼ਿਕਾਇਤਾਂ ਅਤੇ/ਜਾਂ ਦਰਖਾਸਤਾਂ ਦੇ ਸਕਦੇ ਹਨ।<br>• PCPD ਵੱਖ ਵੱਖ ਮਾਧਿਅਮਾਂ ਦੁਆਰਾ ਵਿਅਕਤੀਗਤ ਡਾਟਾ ਗੁਪਤਤਾ ਦੀ ਸੁਰੱਖਿਆ ਅਤੇ ਸਤਿਕਾਰ ਨੂੰ ਉਤਸ਼ਾਹਤ ਕਰਦਾ ਹੈ; ਸੰਗਠਨਾਂ ਅਤੇ ਵਿਅਕਤੀਆਂ ਦੀ ਲੋੜਾਂ ਬਾਰੇ ਲਈ PDPO ਦੇ ਅਧੀਨ ਸਿਖਲਾਈ ਲੈਂਦਾ ਹੈ; ਅਤੇ ਹਿੱਸੇਦਾਰਾਂ ਨਾਲ ਕੰਮ ਦੇ ਸਬੰਧਾਂ ਦਾ ਪ੍ਰਬੰਧਨ ਕਰਦਾ ਹੈ।<br>• ਇਹ ਸੁਨਿਸ਼ਚਿਤ ਕਰਨ ਲਈ ਕਿ ਸਾਡੀਆਂ ਸੇਵਾਵਾਂ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੁਆਰਾ ਅਸਾਨੀ ਨਾਲ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਸੇਵਾ ਦੇ ਪ੍ਰਬੰਧ ਵਿਚ ਭਾਸ਼ਾ ਦੀ ਰੁਕਾਵਟ ਨੂੰ ਦੂਰ ਕਰਨ ਲਈ ਉਪਾਅ ਕੀਤੇ ਗਏ ਹਨ। |
| ਮੌਜੂਦਾ ਉਪਾਅ | • ਸਾਡੀਆਂ ਸੇਵਾਵਾਂ ਨਸਲਾਂ ਦੇ ਸੰਬੰਧ ਵਿੱਚ ਨਿਰਪੱਖ ਹਨ ਅਤੇ ਦੋ ਅਧਿਕਾਰਿਤ ਭਾਸ਼ਾਵਾਂ (ਚੀਨੀ ਅਤੇ ਅੰਗਰੇਜ਼ੀ) ਵਿੱਚ ਦਿੱਤੀਆਂ |

ਜਾਂਦੀਆਂ ਹਨ।

- ਨਿਜੀ ਡਾਟੇ ਲਈ ਗੁਪਤਤਾ ਦੀ ਸੁਰੱਖਿਆ ਅਤੇ ਸਤਿਕਾਰ ਬਾਰੇ ਜਾਣਕਾਰੀ PCPD ਦੀ ਵੈਬਸਾਈਟ ਤੇ ਦੋ ਅਧਿਕਾਰਤ ਭਾਸ਼ਾਵਾਂ (ਚੀਨੀ ਅਤੇ ਅੰਗਰੇਜ਼ੀ) ਵਿੱਚ ਉਪਲਬਧ ਹੈ। ਇਸ ਤੋਂ ਇਲਾਵਾ, ਜਨਤਾ ਨੂੰ ਉਪਲਬਧ ਸਾਰੇ ਕੋਡ, ਦਿਸ਼ਾ ਨਿਰਦੇਸ਼, ਜਾਣਕਾਰੀ ਪਰਚੇ ਅਤੇ ਕਿਤਾਬਚੇ ਇਨ੍ਹਾਂ ਦੋ ਸਰਕਾਰੀ ਭਾਸ਼ਾਵਾਂ ਵਿੱਚ ਪ੍ਰਕਾਸ਼ਤ ਹੁੰਦੇ ਹਨ।

- ਜਿੱਥੇ ਜਰੂਰੀ ਅਤੇ ਵਿਵਹਾਰਕ ਹੈ ਉਥੇ ਘੱਟ ਗਿਣਤੀ ਲੋਕਾਂ ਦੀ ਤਰੱਕੀ ਅਤੇ ਵਾਧੇ ਲਈ ਕੇਂਦਰ (CHEER) ਦੁਆਰਾ ਢੁੱਕਵੀਂ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ। CHEER ਅੱਠ ਭਾਸ਼ਾਵਾਂ ਵਿੱਚ ਟੈਲੀਫੋਨ ਵਿਆਖਿਆ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ, ਜਿਸ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਗਾਲੋਗ, ਥਾਈ, ਵੀਅਤਨਾਮੀ ਅਤੇ ਉਰਦੂ ਸ਼ਾਮਲ ਹਨ।

- PCPD ਨੇ ਸੇਵਾ ਉਪਭੋਗਤਾਵਾਂ ਲਈ ਭਾਸ਼ਾ ਸੇਵਾਵਾਂ ਦੀ ਵਿਵਸਥਾ ਲਈ ਕੰਮ ਦੀਆਂ ਪ੍ਰਕਿਰਿਆਵਾਂ ਤਿਆਰ ਕੀਤੀਆਂ ਸਨ ਅਤੇ ਇਹ ਸੁਨਿਸ਼ਚਿਤ ਕਰੇਗਾ ਕਿ ਸਾਰਾ ਸਟਾਫ (ਖਾਸ ਕਰਕੇ ਫਰੰਟਲਾਈਨ ਸਟਾਫ) ਭਾਸ਼ਾ ਸੇਵਾਵਾਂ ਦੀਆਂ ਨੀਤੀਆਂ; ਅਤੇ ਨਿਰਧਾਰਤ ਕਾਰਜ ਪ੍ਰਕਿਰਿਆਵਾਂ ਤੋਂ ਜਾਣੂ ਹਨ। PCPD ਜਦੋਂ ਵੀ ਜ਼ਰੂਰੀ ਹੋਵੇਗਾ ਸਟਾਫ ਨੂੰ ਸਮੇਂ ਸਿਰ ਨਿਰਦੇਸ਼ ਅਤੇ ਸਹਾਇਤਾ ਪ੍ਰਦਾਨ ਕਰੇਗਾ।

- ਸਟਾਫ ਲਈ ਨਸਲੀ ਬਰਾਬਰਤਾ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਜਾਂਦਾ ਹੈ।

- PCPD ਉਨ੍ਹਾਂ ਸੇਵਾ ਉਪਭੋਗਤਾਵਾਂ ਦੀ "ਵਿਆਖਿਆ/ਅਨੁਵਾਦ ਸੇਵਾਵਾਂ ਦੀ ਲੋੜ" ਅਤੇ "ਤਰਜੀਹੀ ਭਾਸ਼ਾ" ਬਾਰੇ ਜਾਣਕਾਰੀ ਇਕੱਤਰ ਕਰਦੀ ਹੈ ਜਿੰਨ੍ਹਾਂ ਨੂੰ ਨਸਲੀ ਬਰਾਬਰਤਾ 'ਤੇ ਸਾਡੀਆਂ ਨੀਤੀਆਂ ਅਤੇ ਉਪਾਵਾਂ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ

ਵਿਆਖਿਆ/ਅਨੁਵਾਦ ਸੇਵਾਵਾਂ ਦੀ ਲੋੜ ਹੁੰਦੀ ਹੈ, ਅਤੇ ਸੇਵਾ ਵਿਵਸਥਾ ਵਿੱਚ ਨਿਰੰਤਰ ਸੁਧਾਰ ਕਰਨ ਦੇ ਯੋਗ ਬਣਾਉਂਦਾ ਹੈ। ਸਬੰਧਿਤ ਡੇਟਾ ਇਕੱਤਰ ਕਰਨ ਤੋਂ ਪਹਿਲਾਂ ਸੇਵਾ ਉਪਭੋਗਤਾਵਾਂ ਨੂੰ ਡੇਟਾ ਇਕੱਤਰ ਕਰਨ ਵਾਲੀ ਸਟੇਟਮੈਂਟ ਪ੍ਰਦਾਨ ਕੀਤੀ ਜਾਵੇਗੀ।

- *ਕਾਰਜ-ਸਥਾਨ 'ਤੇ ਵਧੀਆ ਅਭਿਆਸ ਨੂੰ ਯਕੀਨੀ ਬਣਾਉਣ ਲਈ ਨਸਲੀ ਬਰਾਬਰਤਾ ਨੂੰ ਸਟਾਫ਼ ਦੀ ਆਚਾਰ ਸੰਹਿਤਾ (ਕੋਡ ਆਫ਼ ਕੰਡਕਟ) ਵਿੱਚ ਸ਼ਾਮਲ ਕੀਤਾ ਗਿਆ ਹੈ।*

- *ਲੋੜ ਪੈਣ 'ਤੇ* PCPD *ਵਿਦਿਅਕ ਸੈਮੀਨਾਰਾਂ ਵਿੱਚ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕਰੇਗਾ।*

- *ਵੱਖ-ਵੱਖ ਭਾਸ਼ਾਵਾਂ (ਜਿਸ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਾਗਾਲੋਗ, ਥਾਈ ਅਤੇ ਵੀਅਤਨਾਮੀ) ਦੇ ਲੋਕਾਂ ਨਾਲ ਸੰਚਾਰ ਦੀ ਸਹੂਲਤ ਲਈ ਤਤਕਾਲ ਅਨੁਵਾਦ ਐਪਲੀਕੇਸ਼ਨਾਂ ਦੇ ਨਾਲ ਸਥਾਪਤ ਮੋਬਾਈਲ ਉਪਕਰਣ ਉਪਲਬਧ ਹਨ।*

- PCPD ਦੀ ਵੈਬਸਾਈਟ' ਤੇ CHEER ਦੀ ਸੰਪਰਕ ਜਾਣਕਾਰੀ ਅੱਠ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੀ ਹੈ। ਵੱਖ-ਵੱਖ ਨਸਲ ਦੇ ਲੋਕCHEER ਰਾਹੀਂ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

- ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਪੁੱਛਗਿੱਛ/ਸ਼ਿਕਾਇਤ ਸੇਵਾਵਾਂ ਪ੍ਰਦਾਨ ਕਰਨ ਲਈ PCPD ਨੇ ਡਿਊਟੀ ਅਫਸਰਾਂ ਅਤੇ ਫਰੰਟਲਾਈਨ ਸਟਾਫ ਨੂੰ ਅੰਦਰੂਨੀ ਸਹਾਇਤਾ ਦੇਣ ਲਈ ਇੱਕ ਮਨੋਨੀਤ ਅਧਿਕਾਰੀ ਨਿਯੁਕਤ ਕੀਤਾ ਹੈ।

ਭਵਿੱਖ ਦੇ ਕੰਮ ਦਾ ਮੁਲਾਂਕਣ

- *PCPD* ਸਟਾਫ ਅਤੇ ਸੇਵਾ ਉਪਭੋਗਤਾਵਾਂ ਤੋਂ ਫੀਡਬੈਕ ਇਕੱਤਰ ਕਰੇਗੀ, ਅਤੇ ਨਿਰੰਤਰ ਸੁਧਾਰ ਲਈ ਨਿਯਮਿਤ ਤੌਰ 'ਤੇ ਉਪਾਵਾਂ ਦੀ ਸਮੀਖਿਆ ਕਰੇਗੀ।

| | |
|---|---|
| ਕੀਤੇ ਗਏ/ ਕੀਤੇ ਜਾਣ ਵਾਲੇ ਵਧੇਰੇ ਉਪਾਅ | • ਸਟਾਫ ਦੇ ਹਵਾਲੇ ਲਈ PCPD ਨਿਯਮਿਤ ਤੌਰ 'ਤੇ ਅੰਦਰੂਨੀ ਇੰਟਰਾਨੈੱਟ 'ਤੇ ਨਸਲੀ ਬਰਾਬਰਤਾ ਬਾਰੇ ਸੰਬੰਧਿਤ ਜਾਣਕਾਰੀ ਅਪਲੋਡ ਕਰੇਗਾ। |

ਨਸਲੀ ਬਰਾਬਰਤਾ ਦੇ ਪ੍ਰਚਾਰ ‘ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਨਾਲ ਸਬੰਧਿਤ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਦੁਆਰਾ ਸ਼੍ਰੀਮਤੀ ਨਤਾਲੀ ਪੂਨ, ਸੀਨੀਅਰ ਪਰਸਨਲ ਡਾਟਾ ਅਫਸਰ (ਕਾਰਪੋਰੇਟ ਸਹਾਇਤਾ) ਨਾਲ ਸੰਪਰਕ ਕਰੋ-


| | | |
|---|---|---|
| ਟੈਲੀਫੋਨ ਨੰ. | : | 2827 2827 |
| ਫੈਕਸ ਨੰ. | : | 2877 7026 |
| ਈਮੇਲ | : | communications@pcpd.org.hk |
| ਡਾਕ ਲਈ ਪਤਾ | : | Room 1303, 13/F, Dah Sing Financial Centre, 248 Queen’s Road East, Wan Chai, Hong Kong |


**ਨਿੱਜੀ ਡੇਟਾ ਲਈ ਗੋਪਨੀਯਤਾ ਕਮਿਸ਼ਨਰ ਦਾ ਦਫਤਰ, ਹਾਂਗ ਕਾਂਗ**
**ਮਈ 2024**